ਵੱਲੋ

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਭ ਤੇ ਮ ਸਾਖਾ,
ਰੂਪਨਗਰ।

ਵੱਲ

ਪ੍ਰਿੰਸੀਪਲ
ਸਿਵਾਲਿਕ ਪਬਲਿਕ ਸਕੂਲ ,
ਰੂਪਨਗਰ।
ਪੱਤਰ ਨੰ:- 6530 ਮਿਤੀ:- 7-6-2023

ਵਿਸਾ:- **Issue of Building Safety Certificate.**

ਹਵਾਲਾ- ਆਪ ਦਾ ਪੱਤਰ ਨੰਬਰ 8938/SPSR-2023 ਮਿਤੀ 11-05-2023

ਉਪਰੋਕਤ ਵਿਸੇ ਦੇ ਸਬੰਧ ਵਿੱਚ ਹਵਾਲੇ ਅਧੀਨ ਪੱਤਰ ਰਾਹੀ ਆਪ ਵੱਲੋ ਭੇਜੇ ਗਏ ਨਕਸੇ ਅਨੁਸਾਰ ਉਪ ਮੰਡਲ ਇੰਜੀਨੀਅਰ , ਪ੍ਰਾਂਤਕ ਉਪ ਮੰਡਲ ਭ ਤੇ ਮ ਸਾਖਾ , ਰੂਪਨਗਰ ਵੱਲੋ ਸਕੂਲ ਦੀ ਬਿਲਡਿੰਗ ਦਾ ਨਿਰੀਖਣ ਕੀਤਾ ਗਿਆ ਅਤੇ ਨਿਰੀਖਣ ਦੌਰਾਨ ਇਹ ਇਮਾਰਤ ਬਾਹਰੀ ਦਿੱਖ ਤੋਂ ਵਰਤੋਂ ਯੋਗ ਸੇਫ ਪਾਈ ਗਈ। ਇਸ ਲਈ ਇਸ ਬਿਲਡਿੰਗ ਦਾ ਸਾਲ 2023-2024 (31-3-24) ਤੱਕ ਬਿਲਡਿੰਗ ਸੇਫਟੀ ਸਰਟੀਫਿਕੇਟ ਹੇਠ ਲਿਖੀਆਂ ਸਰਤਾਂ ਤੇ ਜਾਰੀ ਕੀਤਾ ਜਾਂਦਾ ਹੈ:-

1) ਸਕੂਲ ਬਿਲਡਿੰਗ ਦੀ ਬਾਹਰੀ ਦਿੱਖ ਤੋਂ ਅੰਦਰੂਨੀ ਸਟਰਕਚਰਲ ਸਟੇਬਿਲਟੀ ਚੈਕ ਨਹੀਂ ਕੀਤੀ ਜਾ ਸਕਦੀ। ਇਸ ਲਈ ਜੇਕਰ ਕਿਸੇ ਵੀ ਸਮੇਂ ਬਿਲਡਿੰਗ ਦੇ ਸਟਰਕਚਰਲ ਡਿਜਾਈਨ ਵਿੱਚ ਕਮੀ ਕਾਰਨ ਬਿਲਡਿੰਗ ਨੂੰ ਨੁਕਸਾਨ ਹੁੰਦਾ ਹੈ, ਤਾਂ ਇਸ ਲਈ ਸਕੂਲ ਅਥਾਰਟੀ ਖੁਦ ਜਿਮੇਵਾਰ ਹੋਵੇਗੀ।

2) ਜੇਕਰ ਆਪ ਵੱਲੋਂ ਕਿਸੇ ਵੀ ਤਰ੍ਹਾਂ ਦੀ ਅਡੀਸਨ /ਆਲਟਰੇਸਨ ਅਤੇ ਮੋਡੀਫਿਕੇਸਨ ਕੀਤੀ ਜਾਂਦੀ ਹੈ ਤਾਂ ਉਹ ਕਿਸੀ ਟੈਕਨੀਕਲ ਕੁਆਲੀਫਾਈਡ ਇੰਜੀਨੀਅਰ ਦੀ ਦੇਖ ਰੇਖ ਵਿੱਚ ਕਰਵਾਈ ਜਾਵੇ ਅਤੇ ਉਸ ਇੰਜੀਨੀਅਰ ਤੋਂ ਸਰਟੀਫਿਕੇਟ ਲਿਆ ਜਾਵੇ ਕਿ ਇਸ ਅਡੀਸਨ /ਆਲਟਰੇਸਨ ਅਤੇ ਮੋਡੀਫਿਕੇਸਨ ਕਰਨ ਨਾਲ ਬਿਲਡਿੰਗ ਸਟਰਕਚਰਲੀ ਸੇਫ ਰਹੇਗੀ ਅਤੇ ਇਹ ਕੰਮ ਕਰਨ ਤੋਂ ਬਾਅਦ ਦੁਬਾਰਾ ਤੋਂ ਬਿਲਡਿੰਗ ਸੇਫਟੀ ਸਰਟੀਫਿਕੇਟ ਲਿਆ ਜਾਵੇ।

3) ਜੇਕਰ ਬਿਲਡਿੰਗ ਨੂੰ ਹੜ੍ਹ / ਕੁਦਰਤੀ ਆਫਤਾਂ ਕਾਰਨ ਕੋਈ ਨੁਕਸਾਨ ਅਤੇ ਦੀਵਾਰਾਂ / ਨੀਹਾਂ ਵਿੱਚ ਕਿਸੇ ਤਰ੍ਹਾਂ ਦੀ ਸੈਟਲਮੈਂਟ ਅਤੇ ਛੱਤਾਂ ਵਿੱਚ ਸੈਗਿੰਗ ਆਉਦੀ ਹੈ ਤਾਂ ਆਪ ਵੱਲੋਂ ਇਸ ਵਿਭਾਗ ਦੇ ਧਿਆਨ ਵਿੱਚ ਲਿਆਂਦੀ ਜਾਵੇ।

4) ਇਹ ਸਰਟੀਫਿਕੇਟ ਕਿਸੇ ਵੀ ਲੀਗਲ ਕੇਸਾਂ ਲਈ ਪ੍ਰਮਾਣਿਤ ਨਹੀਂ ਹੋਵੇਗਾ।

ਨੱਥੀ/ ਨਿੱਲ

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਭ ਤੇ ਮ ਸਾਖਾ,
ਰੂਪਨਗਰ।
ਮਿਤੀ:

ਪਿੱਠ ਅੰਕਣ ਨੰ:

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ , ਪ੍ਰਾਂਤਕ ਉਪ ਮੰਡਲ ਭ ਤੇ ਮ ਸਾਖਾ, ਰੂਪਨਗਰ ਨੂੰ ਉਨਾਂ ਦੇ ਪੱਤਰ ਨੰਬਰ 980 ਮਿਤੀ 29-05-2023 ਦੇ ਸਬੰਧ ਵਿੱਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ।

ਨੱਥੀ/ ਨਿੱਲ

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਭ ਤੇ ਮ ਸਾਖਾ,
ਰੁਪਨਗਰ।

Scanned with CamScanner